## ਦਫ਼ਤਰੀ ਕਾਰਜ ਲਈ ਨੋਟਿਸ

ਨੰਬਰ (ਈ-558091/2023)/(ਪੀ-3) ਮਿਤੀ 03.07.2025

ਵਿਸ਼ਾ- ਨਾਨ-ਟੀਚਿੰਗ ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਸਬੰਧੀ।

1. ਵਿਭਾਗੀ ਨਿਯਮ ਸਾਲ 2018 ਅਤੇ ਇਸ ਵਿੱਚ ਸਮੇਂ ਸਮੇਂ ਤੇ ਜਾਰੀ ਸੋਧਾਂ ਅਧੀਨ ਨਾਨ-ਟੀਚਿੰਗ ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਲਈ ਰਾਖਵੇਂ 1% ਕੋਟੇ ਅਧੀਨ ਯੋਗ ਕਰਮਚਾਰੀਆਂ ਦੀਆਂ ਪਦ-ਉੱਨਤੀਆਂ ਕੀਤੀਆਂ ਜਾਣੀਆਂ ਹਨ।
2. ਪੰਜਾਬ ਰਾਜ ਦੇ ਸਮੂਹ ਜਿਲਿਆਂ ਤੋਂ ਪ੍ਰਾਪਤ ਸੂਚਨਾਂ ਦੇ ਆਧਾਰ ਤੇ ਨਾਨ-ਟੀਚਿੰਗ ਕਾਡਰ (ਕਲਰਕ / ਜੂਨੀਅਰ ਸਹਾਇਕ, ਲਾਇਬ੍ਰੇਰੀਅਨ / ਸਹਾਇਕ ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਸੀਨੀਅਰ ਲੈਬਾਟਰੀ ਅਟੈਂਡੈਂਟ ਅਤੇ ਸਟੈਨੋ ਟਾਈਪਿਸਟ) ਦੀ ਸਾਂਝੀ ਇੰਟਰਸੇ ਸੀਨੀਆਰਤਾ ਤਿਆਰ ਕੀਤੀ ਗਈ ਹੈ।
3. ਉਕਤ ਅਨੁਸਾਰ ਤਿਆਰ ਕੀਤੀ ਗਈ ਵਿਸ਼ਾਵਾਰ ਇੰਟਰਸੇ ਸੀਨੀਆਰਤਾ ਇਸ ਨੋਟਿਸ ਨਾਲ ਨੱਥੀ ਕਰਕੇ ਭੇਜਦਿਆਂ ਲਿਖਿਆ ਜਾਂਦਾ ਹੈ ਕਿ, ਜੇਕਰ ਕਿਸੇ ਕਰਮਚਾਰੀ ਨੂੰ ਇਸ ਇੰਟਰਸੇ ਸੀਨੀਆਰਤਾ ਸਬੰਧੀ ਕੋਈ ਇਤਰਾਜ ਹੋਵੇ ਤਾਂ ਇਸ ਨੋਟਿਸ ਦੇ ਜਾਰੀ ਹੋਣ ਦੀ ਮਿਤੀ ਤੋਂ 3 ਦਿਨਾਂ ਦੇ ਅੰਦਰ-2 ਆਪਣਾ ਇਤਰਾਜ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ ਨੂੰ ਭੇਜ ਸਕਦਾ ਹੈ।
4. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਨੂੰ ਲਿਖਿਆ ਜਾਂਦਾ ਹੈ ਕਿ ਜੇਕਰ ਉਨਾਂ ਦੇ ਦਫ਼ਤਰ ਨੂੰ ਕੋਈ ਇਤਰਾਜ ਪ੍ਰਾਪਤ ਹੁੰਦਾ ਹੈ ਤਾਂ ਉਹ ਨੋਟਿਸ ਦੇ ਜਾਰੀ ਹੋਣ ਦੀ ਮਿਤੀ ਤੋਂ 5 ਦਿਨਾਂ ਦੇ ਅੰਦਰ-2 ਸੰਕਲਿਤ ਰੂਪ ਵਿੱਚ, ਸਾਫਟ ਅਤੇ ਹਾਰਡ ਕਾਪੀ ਇਸ ਦਫ਼ਤਰ ਦੀ ਈ-ਮੇਲ ਆਈ.ਡੀ. databackup.promotions2024@gmail.com ਤੇ ਭੇਜਣਾ ਯਕੀਨੀ ਬਣਾਉਣਗੇ। ਪੰਜਾਬ ਰਾਜ ਦੇ ਵੱਖ-2 ਜਿਲਿਆਂ ਰਾਹੀਂ ਪ੍ਰਾਪਤ ਸੂਚਨਾਂ ਅਨੁਸਾਰ ਤਿਆਰ ਕੀਤੀ ਗਈ ਇੰਟਰਸੇ ਸੀਨੀਆਰਤਾ ਵਿੱਚ ਜਿੰਨਾਂ ਕਰਮਚਾਰੀਆਂ ਦਾ ਪਰਖ ਸਮਾਂ ਪਾਰ ਨਹੀਂ ਹੈ, ਜਾਂ ਨਿਯਮਾਂ ਅਨੁਸਾਰ ਲੋੜੀਂਦੀ 4 ਸਾਲ ਦੀ ਸੇਵਾ ਪੂਰੀ ਨਹੀਂ ਕਰਦੇ ਹਨ, ਉਨਾਂ ਦੇ ਨਾਮ ਇਸ ਲਈ ਸ਼ਾਮਿਲ ਕੀਤੇ ਗਏ ਹਨ ਕਿ ਵੇਰਵੇ ਦਰਜ ਕਰਨ ਸਮੇਂ ਜਾਂ ਜਿਲਿਆਂ ਤੋਂ ਭੇਜਣ ਸਮੇਂ ਕੋਈ ਗਲਤੀ ਨਾ ਰਹਿ ਗਈ ਹੋਵੇ, ਪ੍ਰੰਤੂ ਇਹ ਸਪੱਸ਼ਟ ਰੂਪ ਵਿੱਚ ਲਿਖਿਆ ਜਾਂਦਾ ਹੈ ਕਿ ਜਿੰਨਾਂ ਕਰਮਚਾਰੀਆਂ ਦਾ ਪਰਖ ਸਮਾਂ ਪਾਰ ਨਹੀਂ ਹੈ ਜਾਂ ਉਹ 4 ਸਾਲ ਦੀ ਸੇਵਾ ਪੂਰੀ ਨਹੀਂ ਕਰਦੇ ਹਨ, ਉਨਾਂ ਦੇ ਪਦ-ਉੱਨਤੀਆਂ ਦੇ ਕੇਸ ਨਹੀਂ ਵਿਚਾਰੇ ਜਾਣਗੇ।
5. ਉਕਤ ਤੋਂ ਇਲਾਵਾ ਇਹ ਵੀ ਲਿਖਿਆ ਜਾਂਦਾ ਹੈ ਕਿ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਕੇਵਲ ਸਬੰਧਤ ਵਿਸ਼ੇ ਦੀਆਂ ਉਪਲਬੱਧ ਖਾਲੀ ਆਸਾਮੀਆਂ ਦੀ ਗਿਣਤੀ ਅਤੇ ਸਬੰਧਤ ਕੈਟਾਗਰੀਆਂ ਦੇ ਰੋਸਟਰ ਅਨੁਸਾਰ ਯੋਗ ਕਰਮਚਾਰੀਆਂ ਦੀਆਂ ਹੀ ਕੀਤੀਆਂ ਜਾਣੀਆਂ ਹਨ, ਇਸ ਲਈ ਜਿੰਨਾਂ ਕਰਮਚਾਰੀਆਂ ਦਾ ਨਾਮ ਇਸ ਇੰਟਰਸੇ ਸੀਨੀਆਰਤਾ ਵਿੱਚ ਸ਼ਾਮਿਲ ਕੀਤਾ ਗਿਆ ਹੈ, ਉਹ ਸਾਰੇ ਪਦ-ਉੱਨਤੀ ਲਈ ਵਿਚਾਰੇ ਜਾਣ ਦੇ ਹੱਕਦਾਰ ਨਹੀਂ ਹੋਣਗੇ।

databackup.promotions2024@g.mail.com

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)